# ਪਾਰਟਨਰਸ (ਭਾਗੀਦਾਰਾਂ) ਲਈ ਫੈਕਟ ਸ਼ੀਟ

# ਕਾਨੂੰਨੀ ਤੌਰ 'ਤੇ ਮੌਜੂਦ ਕੁਝ ਅਪ੍ਰਵਾਸੀਆਂ ਲਈ 2027 ਮਾਰਕੀਟਪਲੇਸ ਯੋਗਤਾ ਵਿੱਚ ਤਬਦੀਲੀਆਂ

COVERED CALIFORNIA | For the love of Californians

## ਕੀ ਬਦਲ ਰਿਹਾ ਹੈ ?

2025 ਵਿੱਚ, ਰਾਸ਼ਟਰਪਤੀ ਟ੍ਰੰਪ ਨੇ H.R. 1 'ਤੇ ਹਸਤਾਖਰ ਕੀਤੇ, ਜਿਸ ਨੂੰ ਵਨ ਬਿਗ ਬਿਊਟੀਫੁਲ ਬਿਲ ਐਕਟ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਹੈ, ਜੋ ਦੱਸਦਾ ਹੈ ਕਿ ਕਾਨੂੰਨੀ ਦਰਜਾ ਰੱਖਣ ਵਾਲੇ ਕੁਝ ਅਪ੍ਰਵਾਸੀ ਸਮੂਹ 2027 ਦੇ ਕਵਰੇਜ ਸਾਲ ਤੋਂ ਲੈ ਕੇ, ਵਿੱਤੀ ਸਹਾਇਤਾ ਪਾਉਣ ਲਈ ਅਯੋਗ ਹੋਣਗੇ ਜਿਸ ਵਿੱਚ ਪ੍ਰੀਮੀਅਮ ਟੈਕਸ ਕ੍ਰੈਡਿਟ ਅਤੇ ਲਾਗਤ-ਸਾਂਝਾਕਰਨ ਵਿੱਚ ਕਟੌਤੀ ਸ਼ਾਮਲ ਹੈ|

ਕਾਨੂੰਨੀ ਤੌਰ 'ਤੇ ਮੌਜੂਦ ਅਪ੍ਰਵਾਸੀ (LPI) ਉਪਭੋਗਤਾ ਜੋ 2027 ਵਿੱਚ ਅਯੋਗ ਹੋ ਜਾਣਗੇ, ਉਹ ਹਾਲੇ ਵੀ ਕਵਰਡ ਕੈਲੀਫੋਰਨੀਆ ਕਵਰੇਜ ਲਈ ਨਾਮਾਂਕਣ ਕਰ ਸਕਣਗੇ; ਹਾਲਾਂਕਿ, ਉਹ ਕਿਸੇ ਵੀ ਤਰ੍ਹਾਂ ਦੀ ਵਿੱਤੀ ਸਹਾਇਤਾ ਲਈ ਯੋਗ ਨਹੀਂ ਹੋਣਗੇ| ਸਿੱਟੇ ਵਜੋਂ, ਇਨ੍ਹਾਂ ਵਿੱਚੋਂ ਕਈ ਉਪਭੋਗਤਾਵਾਂ ਲਈ 2027 ਵਿੱਚ ਉਨ੍ਹਾਂ ਦੀ ਸਿਹਤ ਬੀਮਾ ਦੀ ਲਾਗਤ ਵਧ ਜਾਵੇਗੀ|

**ਇਹ ਤਬਦੀਲੀਆਂ 2027 ਤੱਕ ਲਾਗੂ ਨਹੀਂ ਹੋਣਗੀਆਂ ਅਤੇ ਇਨ੍ਹਾਂ ਨਾਲ ਮੌਜੂਦਾ ਪਲਾਨ ਦੀ ਲਾਗਤ 'ਤੇ ਕੋਈ ਅਸਰ ਨਹੀਂ ਪਵੇਗਾ|** LPI ਉਪਭੋਗਤਾ 2026 ਦੇ ਬਾਕੀ ਸਮੇਂ ਵਿੱਚ ਵੀ ਡਾਕਟਰ ਨਾਲ ਮਿਲਣ ਅਤੇ ਹੋਰ ਜ਼ਰੂਰੀ ਸਿਹਤ ਦੇਖਭਾਲ ਸੇਵਾਵਾਂ ਲਈ ਆਪਣੇ ਮੌਜੂਦਾ ਸਿਹਤ ਬੀਮੇ ਦਾ ਇਸਤੇਮਾਲ ਜਾਰੀ ਰੱਖ ਸਕਦੇ ਹਨ|

**ਜੇ ਕੋਈ LPI ਉਪਭੋਗਤਾ ਗ੍ਰੀਨ ਕਾਰਡ ਲਈ ਅਰਜੀ ਦੇਣ ਦੀ ਯੋਜਨਾ ਬਣਾ ਰਿਹਾ ਹੈ, ਤਾਂ ਸਿਹਤ ਬੀਮੇ ਲਈ ਵਿੱਤੀ ਸਹਾਇਤਾ ਲੈਣ ਨਾਲ ਉਨ੍ਹਾਂ ਦੀ ਐਪਲੀਕੇਸ਼ਨ ਤੇ ਅਸਰ ਪੈ ਸਕਦਾ ਹੈ|** ਹਾਲਾਂਕਿ ਅਪ੍ਰਵਾਸ ਦੇ ਨਿਯਮ ਜਟਿਲ ਹੁੰਦੇ ਹਨ, ਇਸ ਲਈ ਉਨ੍ਹਾਂ ਨੂੰ ਕਿਸੇ ਯੋਗ ਅਪ੍ਰਵਾਸ ਕਾਨੂੰਨੀ ਨੁਮਾਇੰਦੇ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰੋ|

## ਕੌਣ ਯੋਗ ਬਣਿਆ ਰਹੇਗਾ ?

2027 ਤੋਂ ਸ਼ੁਰੂ ਹੁੰਦੇ ਹੋਏ, **ਸਿਰਫ ਇਹ ਅਪ੍ਰਵਾਸ ਸਮੂਹ ਹੀ** ਆਪਣੀ ਸਿਹਤ ਬੀਮਾ ਦੀ ਲਾਗਤ ਘੱਟ ਕਰਨ ਲਈ **ਵਿੱਤੀ ਮਦਦ ਪਾਉਣ ਦੇ ਯੋਗ ਹੋਣਗੇ:**

- ਕਾਨੂੰਨੀ ਤੌਰ ਤੇ ਸਥਾਈ ਨਿਵਾਸੀ (ਗ੍ਰੀਨ ਕਾਰਡ ਹੋਲਡਰ)
- ਕਿਊਬਾ ਅਤੇ ਹੈਤੀ ਤੋਂ ਆਏ ਲੋਕ **(ਇਸ ਵਿੱਚ ਕਿਊਬਾ ਅਤੇ ਹੈਤੀ ਦੇ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਦੀ ਮੌਜੂਦਾ ਜਾਂ ਪਿਛਲੀ ਅਪ੍ਰਵਾਸ ਸਥਿਤੀ ਕੁਝ ਵੀ ਰਹੀ ਹੋਵੇ)**
- ਕੌਂਪੈਕਟ ਆਫ ਫ੍ਰੀ ਐਸੋਸਿਏਸ਼ਨ (COFA) ਦੇਸ਼ਾਂ ਤੋਂ ਆਏ ਪ੍ਰਵਾਸੀ, ਜਿਨ੍ਹਾਂ ਵਿੱਚ ਮਾਈਕ੍ਰੋਨੇਸ਼ੀਆ, ਮਾਰਸ਼ਲ ਆਈਲੈਂਡਸ, ਅਤੇ ਪਲਾਊ ਸ਼ਾਮਲ ਹਨ

## ਕਿਸ 'ਤੇ ਅਸਰ ਪੈ ਸਕਦਾ ਹੈ ?

ਇਸ ਸੰਘੀ ਤਬਦੀਲੀ ਨਾਲ ਕਵਰਡ ਕੈਲੀਫੋਰਨੀਆ ਦੇ ਲਗਭਗ 140,000 ਨਾਮਾਂਕਿਤ ਵਿਅਕਤੀ ਪ੍ਰਭਾਵਿਤ ਹੋ ਸਕਦੇ ਹਨ|

**ਇਸ ਵਿੱਚ ਅਜਿਹੇ ਉਪਭੋਗਤਾ ਸ਼ਾਮਲ ਹਨ ਜਿਨ੍ਹਾਂ ਕੋਲ ਇਹ ਹਨ:**

- ਵਰਕ ਵੀਜ਼ਾ
- ਸਟੂਡੈਂਟ ਵੀਜ਼ਾ
- ਸ਼ਰਣ (ਮੁਅੱਤਲ ਜਾਂ ਸਵੀਕ੍ਰਿਤ)
- ਰਫਿਊਜ਼ੀ ਦਾ ਦਰਜਾ
- ਤਸਕਰੀ, ਘਰੇਲੂ ਹਿੰਸਾ, ਅਤੇ ਹੋਰ ਗੰਭੀਰ ਅਪਰਾਧਾਂ ਦੇ ਪੀੜਤ (U ਵੀਜ਼ਾ, T ਵੀਜ਼ਾ, ਅਤੇ ਔਰਤਾਂ ਦੇ ਖਿਲਾਫ ਹਿੰਸਾ ਰੋਕਥਾਮ ਅਧਿਨਿਯਮ ਦੇ ਤਹਿਤ ਮੁਅੱਤਲ ਯਾਚਿਕਾਵਾਂ)
- ਅਸਥਾਈ ਸੁਰੱਖਿਅਤ ਦਰਜਾ (TPS)
- ਹੋਰ ਮਨੁੱਖੀ ਜਾਂ ਅਸਥਾਈ ਕਾਨੂੰਨੀ ਦਰਜੇ ਜੋ ਪਹਿਲਾਂ ਮਾਰਕੀਟਪਲੇਸ ਤੋਂ ਮਿਲਣ ਵਾਲੀ ਵਿੱਤੀ ਸਹਾਇਤਾ ਲਈ ਯੋਗ ਸਨ

## ਉਪਭੋਗਤਾ ਕੀ ਕਰ ਸਕਦੇ ਹਨ

ਅਸੀਂ ਜਾਣਦੇ ਹਾਂ ਕਿ ਇਹ ਖਬਰ ਸੁਣਨਾ ਅਸਾਨ ਨਹੀਂ ਹੈ| ਕਵਰਡ ਕੈਲੀਫੋਰਨੀਆ ਸਿਹਤ ਬੀਮਾ ਨੂੰ ਸਸਤਾ ਬਣਾਏ ਰੱਖਣ ਅਤੇ ਉਪਭੋਗਤਾਵਾਂ ਦੀ ਇਸ ਤਬਦੀਲੀ ਨੂੰ ਸਮਝਣ ਵਿੱਚ ਮਦਦ ਕਰਨ ਲਈ ਕੰਮ ਕਰ ਰਿਹਾ ਹੈ| ਅਸੀਂ ਉਪਭੋਗਤਾਵਾਂ ਨੂੰ ਸਲਾਹ ਦਿੰਦੇ ਹਾਂ ਕਿ ਉਹ ਥੱਲੇ ਦਿੱਤੇ ਗਏ ਤਰੀਕਿਆਂ ਨਾਲ ਮੁਫਤ ਅਤੇ ਗੁਪਤ ਸਲਾਹ ਲੈਣ ਲਈ ਸੰਪਰਕ ਕਰਨ:

- ਵਧੇਰੀ ਜਾਣਕਾਰੀ ਅਤੇ ਸਮਰਥਨ ਲਈ ਕਵਰਡ ਕੈਲੀਫੋਰਨੀਆ ਨਾਲ **800-300-1506** 'ਤੇ ਸੰਪਰਕ ਕਰੋ ਜਾਂ **CoveredCA.com** 'ਤੇ ਜਾਓ
- ਸਰਟੀਫਾਈਡ ਏਨਰੋਲਡ (ਨਾਮਾਂਕਣ ਕਰਨ ਵਾਲੇ) ਤੋਂ ਨਾਮਾਂਕਣ ਵਿੱਚ ਮਦਦ ਪਾਉਣ ਲਈ, **coveredca.com/support/find-an-enroller/** 'ਤੇ ਜਾਓ|.
- ਅਪ੍ਰਵਾਸ ਨਾਲ ਜੁੜੇ ਕਾਨੂੰਨੀ ਸਮਰਥਨ ਲਈ, ਕੈਲੀਫੋਰਨੀਆ ਸਮਾਜਿਕ ਸੇਵਾ ਵਿਭਾਗ ਦੀ ਵੈਬਸਾਈਟ **cdss.ca.gov/inforesources/immigration** 'ਤੇ ਜਾਓ
- ਕਾਨੂੰਨੀ ਜਾਣਕਾਰੀ ਅਤੇ ਰੈਫਰਲ ਲਈ, ਹੈਲਥ ਕੰਜਿਊਮਰ ਅਲਾਯੰਸ ਨੂੰ **888-804-3536** 'ਤੇ ਕਾਲ ਕਰੋ ਜਾਂ **healthconsumer.org** 'ਤੇ ਜਾਓ.
- ਸਿਰਫ ਭਰੋਸੇਮੰਦ ਸਰੋਤਾਂ ਦਾ ਇਸਤੇਮਾਲ ਕਰੋ ਅਤੇ ਸਕੈਮ ਤੋਂ ਸਾਵਧਾਨ ਰਹੋ| ਜਦੋਂ ਵੀ ਕੋਈ ਸ਼ੱਕ ਹੋਵੇ, ਤਾਂ ਸਿੱਧਾ ਸਾਨੂੰ ਕਾਲ ਕਰੋ|

**ਕੀ ਤੁਹਾਡੇ ਕੋਈ ਸਵਾਲ ਹਨ? ਅਸੀਂ ਮਦਦ ਕਰ ਸਕਦੇ ਹਾਂ|**

ਵਧੇਰੀ ਜਾਣਕਾਰੀ ਲਈ, ਸੰਪਰਕ ਕਰੋ: 800-300-1506| CoveredCA.com

Covered California complies with applicable federal civil rights laws and does not discriminate on the basis of race, color, national origin, age, disability, or sex.
Atención: Si habla español, tiene a su disposición servicios gratuitos de asistencia lingüística. Llame al 1-800-300-0213 (TTY: 1-888-889-4500).
注意：如果您使用繁體中文，您可以免費獲得語言援助服務。請致電 1-800-300-1533 (TTY 1-888-889-4500).

PUN-0826